ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ
ਚੌਥੀ ਮੰਜਿਲ, ਈ-ਬਲਾਕ, ਪੀ.ਐਸ.ਈ.ਬੀ ਕੰਪਲੈਕਸ, ਫੇਜ਼-8, ਮੋਹਾਲੀ
(ਕੋਆਰਡੀਨੇਸ਼ਨ ਸੈਲ)

ਸੇਵਾ ਵਿਖੇ

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।
3. ਸਮੂਹ ਸਕੂਲ ਪ੍ਰਿੰਸੀਪਲ/ਮੁੱਖੀ, ਪੰਜਾਬ। (Website ਰਾਹੀਂ)

ਮੀਮੋ ਨੰ: 15/21-2016 ਕੋ.ਸੈਲ (1)/250
ਮਿਤੀ: 29/6/2016

**ਵਿਸ਼ਾ:** **ਪੰਜਾਬ ਵਿਧਾਨ ਸਭਾ ਦੀ ਆਮ ਚੋਣਾ, 2017- ਅਧਿਕਾਰੀਆਂ/ਕਰਮਚਾਰੀਆਂ ਦੀ ਬਦਲੀ ਅਤੇ ਤੈਨਾਤੀ ਸਬੰਧੀ।**

ਹਵਾਲਾ: ਦਫਤਰ ਮੁੱਖ ਚੋਣ ਅਫਸਰ, ਪੰਜਾਬ ਦਾ ਪੱਤਰ ਨੰ: ਚੋਣ-2016/ਆਰ-2574 ਮਿਤੀ 26-06-2016.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਜੀ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਨੱਥੀ: ਉਕਤ ਅਨੁਸਾਰ

ਸੁਪਰਡੈਂਟ ਕੋਆਰਡੀਨੇਸਨ ਸੈਲ
ਦ. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ),ਪੰਜਾਬ

ਪਿੱਠ ਅੰਕਣ ਨੰ: ਉਕਤ

ਮਿਤੀ: 29/6/2016

ਉਤਾਰਾ ਰਜਿਸਟਰਾਰ ਸਿੱਖਿਆ ਵਿਭਾਗ ਪੰਜਾਬ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੈਂਟ ਕੋਆਰਡੀਨੇਸਨ ਸੈਲ
ਦ. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ),ਪੰਜਾਬ

# ਦਫਤਰ ਮੁੱਖ ਚੋਣ ਅਫਸਰ,ਪੰਜਾਬ

# CHIEF ELECTORAL OFFICER ,PUNJAB

(SCO NO.29-30,Sector 17-E Chandigarh)
Phone :0172-2704701,2724037,2704779.Fax:0172-2707970Email:-*ceo_punjab@ eci.gov. in, Jtceo_punjab@eci.gov. in*

ਨੰ: ਚੋਣ-2016/ਆਰ- 2574 ਮਿਤੀ, ਚੰਡੀਗੜ੍ਹ:- 26.05.2016

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਜ਼, ਪ੍ਰਬੰਧਕੀ ਸਕੱਤਰ, ਪ੍ਰਮੁੱਖ ਸਕੱਤਰ,
ਸਮੂਹ ਵਿਭਾਗਾਂ ਦੇ ਮੁੱਖੀ, ਸਮੂਹ ਬੋਰਡਾਂ/ਕਾਰਪੋਰੇਸ਼ਨਾਂ ਦੇ
ਮੈਨੇਜਿੰਗ ਡਾਇਰੈਕਟਰ ਅਤੇ ਚੇਅਰਮੈਨ, ਸਮੂਹ ਡਿਵੀਜ਼ਨਲ ਕਮਿਸ਼ਨਰਜ਼ ਅਤੇ
ਸਮੂਹ ਡਿਪਟੀ ਕਮਿਸ਼ਨਰਜ਼।

ਦਫਤਰ ਪ੍ਰਮੁੱਖ ਸਕੱਤਰ
ਸਕੂਲ ਸਿਖਿਆ ਪੰਜਾਬ
ਫਾਈਲ ਨੰ. E3463
ਪ੍ਰਾਪਤੀ ਦੀ ਮਿਤੀ 1/6/16
ਭੇਜਣ ਦੀ ਮਿਤੀ

ਵਿਸ਼ਾ :- ਪੰਜਾਬ ਵਿਧਾਨ ਸਭਾ ਦੀ ਆਮ ਚੋਣ, 2017- ਅਧਿਕਾਰੀਆਂ/ਕਰਮਚਾਰੀਆਂ ਦੀ ਬਦਲੀ ਅਤੇ ਤੈਨਾਤੀ ਸਬੰਧੀ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਸਾਲ 2017 ਦੀ ਪਹਿਲੀ ਤਿਮਾਹੀ ਵਿਚ ਹੋਣੀਆਂ ਹਨ। ਭਾਰਤ ਚੋਣ ਕਮਿਸ਼ਨ ਅਤੇ ਇਸ ਦਫਤਰ ਵਲੋਂ ਚੋਣਾਂ ਨਿਰਪੱਖ ਤਰੀਕੇ ਨਾਲ ਕਰਾਉਣ ਸਬੰਧੀ ਤਿਆਰੀ ਆਰੰਭੀ ਜਾ ਚੁੱਕੀ ਹੈ। ਭਾਰਤ ਚੋਣ ਕਮਿਸ਼ਨ ਵਲੋਂ ਇਸ ਨੂੰ ਪਰ ਪੱਖ ਤੋਂ ਮੋਨੀਟਰ ਵੀ ਕੀਤਾ ਜਾ ਰਿਹਾ ਹੈ।

ਪਿਛਲੀਆਂ ਚੋਣਾਂ ਦੌਰਾਨ ਇਹ ਵੇਖਣ ਵਿਚ ਆਇਆ ਸੀ ਕਿ ਚੋਣਾਂ ਘੋਸ਼ਿਤ ਹੋਣ ਮਗਰੋਂ ਇਹ ਸ਼ਿਕਾਇਤਾਂ ਆਉਂਣੀਆਂ ਸੁਰੂ ਹੋ ਗਈਆਂ ਸਨ ਕਿ ਕੁਝ ਸਰਕਾਰੀ ਅਧਿਕਾਰੀ/ਕਰਮਚਾਰੀ ਕਿਸੇ ਖਾਸ ਉਮੀਦਵਾਰ ਜਾਂ ਪਾਰਟੀ ਦੀ ਮਦਦ ਕਰ ਰਹੇ ਹਨ। ਸ਼ਿਕਾਇਤਾਂ ਦੀ ਪੜਤਾਲ ਉਪਰੰਤ ਅਜਿਹੇ ਅਧਿਕਾਰੀਆਂ/ਕਰਮਚਾਰੀਆਂ ਦੀ ਬਦਲੀ ਦੇ ਹੁਕਮ ਚੋਣ ਕਮਿਸ਼ਨ ਵਲੋਂ ਦਿੱਤੇ ਗਏ ਸਨ। ਸਾਲ 2012 ਅਤੇ 2014 ਦੀਆਂ ਪਿਛਲੀਆਂ ਚੋਣਾਂ ਦੌਰਾਨ ਅਜਿਹੀਆਂ ਸ਼ਿਕਾਇਤਾਂ ਦੇ ਆਧਾਰ ਤੇ ਜਿਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਦੀਆਂ ਬਦਲੀਆਂ ਕੀਤੀਆਂ ਗਈਆਂ ਸਨ, ਸਬੰਧੀ ਹੁਣੇ ਤੋਂ ਹੀ ਇਹ ਯਕੀਨੀ ਬਣਾ ਲਿਆ ਜਾਵੇ ਕਿ ਚੋਣਾਂ ਤੋਂ ਪਹਿਲਾਂ-ਪਹਿਲਾਂ ਉਨ੍ਹਾਂ ਨੂੰ ਉਸੇ ਹਲਕਾ/ਜ਼ਿਲਾਂ ਵਿੱਚ ਨਿਯੁਕਤ ਨਾ ਰਹਿਣ ਦਿੱਤਾ ਜਾਵੇ, ਜਿੱਥੇ ਉਸ ਦੀ ਸ਼ਿਕਾਇਤ ਹੋਈ ਹੋਵੇ। ਸਾਲ 2016 ਦੀਆਂ ਬਦਲੀਆਂ ਦੇ ਸਮੇਂ ਅੰਦਰ ਮਿੱਥੀ ਮਿਆਦ ਦੇ ਸਮੇਂ ਦੌਰਾਨ ਕੀਤੀਆਂ ਜਾਣ ਵਾਲੀਆਂ ਬਦਲੀਆਂ ਸਮੇਂ ਜਿਥੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਪਿਛਲੇ 4 ਸਾਲਾਂ ਦੇ ਸਮੇਂ ਦੌਰਾਨ

ਤਿੰਨ ਸਾਲ ਦਾ ਸਮਾਂ ਕਿਸੇ ਵੀ ਜ਼ਿਲ੍ਹੇ ਵਿੱਚ ਪੂਰਾ ਹੋਣ ਤੇ ਬਦਲੀ ਕੀਤੀ ਜਾਂਦੀ ਹੈ ਤਾਂ ਉਸੇ ਸਮੇਂ ਹੀ ਉਕਤ ਸ਼ਿਕਾਇਤ ਦੇ ਆਧਾਰ ਤੇ ਚੋਣਾਂ ਦੌਰਾਨ ਤਬਦੀਲ ਹੋਏ ਅਧਿਕਾਰੀਆਂ/ਕਰਮਚਾਰੀਆਂ ਨੂੰ suo-moto ਹੀ ਧਿਆਨ ਗੋਚਰ ਰੱਖਦੇ ਹੋਏ ਬਦਲਿਆ ਜਾਵੇ ਤਾਂ ਜ਼ੋ ਚੋਣਾਂ ਦੌਰਾਨ ਮੁੜ ਕੋਈ ਅਜਿਹੀ ਸ਼ਿਕਾਇਤ ਉਸ ਅਧਿਕਾਰੀ/ਕਰਮਚਾਰੀ ਵਿਰੁੱਧ ਪ੍ਰਾਪਤ ਨਾ ਹੋਵੇ। ਆਪ ਦੀ ਸੁਵਿਧਾ ਲਈ ਭਾਰਤ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਦੀਆਂ ਚੋਣਾਂ 2014 ਸਮੇਂ ਜਾਰੀ ਹਦਾਇਤਾਂ ਜ਼ੋ ਉਨ੍ਹਾਂ ਦੇ ਪੱਤਰ ਨੰ. **437/6/1/2014-CC&BE**, ਮਿਤੀ 9 ਜਨਵਰੀ 2014 ਰਾਹੀਂ ਜਾਰੀ ਹੋਈ ਸੀ, ਦੀ ਕਾਪੀ ਨਾਲ ਭੇਜੀ ਜਾਂਦੀ ਹੈ।

ਕਿਰਪਾ ਕਰਕੇ ਉਕਤ ਨੂੰ ਹਰ ਹਾਲਤ ਵਿੱਚ ਯਕੀਨੀ ਬਣਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਵਿਸ਼ਵਾਸ ਪਾਤਰ,

25/5/16

ਵਧੀਕ ਮੁੱਖ ਚੋਣ ਅਫਸਰ
ਵਾਸਤੇ ਮੁੱਖ ਚੋਣ ਅਫਸਰ

D:\Vidhan Sabha Elec.2012-R\Letters\Letter-Instructions.doc